# ਵਿਅੰਜਨ

ਵਿਅੰਜਨ - ਜਿਨ੍ਹਾਂ ਭਾਸ਼ਾਈ ਧੁਨੀਆਂ ਦਾ ਉਚਾਰਨ ਨੱਕ, ਜੀਭ, ਤਾਲੂ ਆਦਿ ਦੇ ਆਪਸ ਵਿੱਚ ਟਕਰਾਉਣ ਨਾਲ਼ ਹੁੰਦਾ ਹੈ, ਭਾਵ ਜਿਨ੍ਹਾਂ ਭਾਸ਼ਾਈ ਧੁਨੀਆਂ ਨੂੰ ਬੋਲਣ ਸਮੇਂ ਉਚਾਰਨ ਅੰਗ ਥੋੜ੍ਹੀ - ਬਹੁਤ ਰੁਕਾਵਟ ਪਾਉਂਦੇ ਹਨ, ਉਹਨਾਂ ਨੂੰ ਵਿਅੰਜਨ ਕਿਹਾ ਜਾਂਦਾ ਹੈ। ਇਹਨਾਂ ਨੂੰ ਸਵਰਾਂ ਦੀ ਸਹਾਇਤਾ ਨਾਲ਼ ਬੋਲਿਆ ਜਾਂਦਾ ਹੈ। ਸ ਤੋਂ ੜ ਤੱਕ ਅਤੇ ਸ਼, ਖ਼, ਗ਼, ਜ਼, ਫ਼, ਲ਼ ਸਾਰੇ 38 ਵਿਅੰਜਨ ਅੱਖਰ ਹਨ।

ਵਿਅੰਜਨ ਦੋ ਤਰ੍ਹਾਂ ਦੇ ਹੁੰਦੇ ਹਨ:

1. ਅਨੁਨਾਸਕੀ ਵਿਅੰਜਨ।
2. ਦੁੱਤ ਅੱਖਰ।

1. ਅਨੁਨਾਸਕੀ ਵਿਅੰਜਨ — ਜਿਹੜੇ ਵਿਅੰਜਨਾਂ ਨੂੰ ਬੋਲਣ ਸਮੇਂ ਨੱਕ ਵਿੱਚੋਂ ਅਵਾਜ਼ ਨਿਕਲੇ, ਉਹਨਾਂ ਨੂੰ ਅਨੁਨਾਸਕੀ ਵਿਅੰਜਨ ਕਿਹਾ ਜਾਂਦਾ ਹੈ। ਗੁਰਮੁਖੀ ਲਿਪੀ ਵਿੱਚ ਙ, ਞ, ਣ, ਨ ਅਤੇ ਮ ਅਨੁਨਾਸਕੀ ਵਿਅੰਜਨ ਹਨ।

2. ਦੁੱਤ ਅੱਖਰ — ਉਹ ਅੱਖਰ ਜਿਹੜਾ ਦੋ ਅੱਖਰਾਂ ਦੇ ਮੇਲ਼ ਤੋਂ ਬਣੇ ਭਾਵ ਦੋ ਵਰਨਾਂ ਜਾਂ ਅੱਖਰਾਂ ਦੀ ਸਾਂਝੀ ਅਵਾਜ਼ ਪੈਦਾ ਕਰੇ। ਇਸ ਵਿੱਚ ਇੱਕ ਅੱਖਰ ਦੂਜੇ ਅੱਖਰ ਦੇ ਪੈਰ ਵਿੱਚ ਲਿਖਿਆ ਜਾਂਦਾ ਹੈ।

ਗੁਰਮੁਖੀ ਲਿਪੀ ਵਿੱਚ ਕੇਵਲ ਤਿੰਨ ਅੱਖਰਾਂ ਦੀ ਵਰਤੋਂ ਅੱਖਰ ਦੇ ਪੈਰ ਵਿੱਚ ਕੀਤੀ ਜਾਂਦੀ ਹੈ। ਉਹ ਹਨ:

੍ਹ    ੍ਰ    ੍ਵ

ਹ → ਪੜ੍ਹ, ਪੜ੍ਹਾਈ, ---, ---।
ਰ → ਪ੍ਰਗਟ, ਪ੍ਰਸ਼ਨ, ---, ---।
ਵ → ਸ੍ਵਰ, ਸ੍ਵੈਮਾਨ, ---, ---।